Roll No. ........................ Total Pages : 5

# 13681/NH

**B/2111**

**ਪੰਜਾਬੀ ਲਾਜ਼ਮੀ**

**(ਮੁੱਢਲਾ ਗਿਆਨ)**

Semester–III

Time Allowed : 3 Hours] [Maximum Marks : 75

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਹੇਠ ਲਿਖੀਆਂ ਵਿਚੋਂ ਕਿਸੇ **ਦੋ** ਕਵਿਤਾਵਾਂ ਦਾ ਸਾਰ ਲਿਖੋ: 2×5=10

 (ੳ) ਵਿਦਿਆ ਵੀਚਾਰੀ (ਗੁਰੂ ਨਾਨਕ ਦੇਵ ਜੀ)

 (ਅ) ਇਸ਼ਕ ਦੀ ਨਵੀਉਂ ਨਵੀਂ ਬਹਾਰ (ਬੁੱਲੇ ਸ਼ਾਹ)

 (ੲ) ਵੈਰੀ ਨਾਗ ਦਾ ਪਹਿਲਾ ਝਲਕਾ (ਭਾਈ ਵੀਰ ਸਿੰਘ)

 (ਸ) ਮੇਲੇ ਵਿਚ ਜੱਟ (ਧਨੀ ਰਾਮ ਚਾਤ੍ਰਿਕ।

 (ਹ) ਹਲ ਵਾਹੁਣ ਵਾਲੇ (ਪ੍ਰੋ. ਪੂਰਨ ਸਿੰਘ)।



2. ਹੇਠ ਲਿਖੀਆਂ ਵਿਚੋਂ ਕਿਸੇ **ਇਕ** ਕਾਵਿ ਟੁਕੜੇ ਦਾ ਭਾਵ ਅਰਥ ਲਿਖੋ: 5

 (ੳ) ਵਿਦਿਆ ਵੀਚਾਰੀ ਤਾਂ ਪਰਉਪਕਾਰੀ।।
 ਨਾਂ ਪੰਜ ਰਾਸੀ ਤਾਂ ਤੀਰਥ ਵਾਸ਼ੀ।੧।
 ਘੁੰਘਰੂ ਵਾਜੇ ਜੇ ਮਨੁ ਲਾਗੈ।
 ਤਉ ਜਮੁ ਕਹਾ ਕਰੇ ਮੋ ਮਿਉ ਆਗੈ।੨। ਰਹਾਉ।

 (ਅ) ਵੈਰੀ ਨਾਗ ਤੇਰਾ ਪਹਿਲਾ ਝਲਕਾ
 ਜਦ ਅੱਖੀਆਂ ਵਿਚ ਵਜਦਾ
 ਕੁਦਰਤ ਦੇ ਕਾਦਰ ਦਾ ਜਲਵਾ
 ਲੈ ਲੈਂਦਾ ਇਕ ਸਿਜਦਾ।

 (ੲ) ਦੁੱਧ ਚਿੱਟੀਆਂ ਰੰਗਦਾਰ ਮਰਮਰਾਂ
 ਦੇ ਗਲ ਘੱਤ ਕੇ ਬਾਹੀਆਂ
 ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾਂ
 ਸੁੱਤੀਆਂ ਬੇਪਰਵਾਹੀਆਂ।

3. ਹੇਠ ਲਿਖੀਆਂ ਵਿਚੋਂ ਕੋਈ **15** ਸ਼ਬਦ ਸ਼ੁੱਧ ਕਰਕੇ ਲਿਖੋ: 10

ਦਰਖਤ, ਬਿਜਲਈ, ਬੱਟਾ, ਛੀਛਾ, ਨੈਹਰ, ਮੰਝਾ, ਡਾਕਦਾਰ, ਚਆੜੂ, ਸ਼ੇਰਣੀ, ਕਭੂਤਰ, ਗੁਆਂਡੀ, ਸਰਬਾਲਾ, ਟਰੈਟਰ, ਮੱਜ, ਭੜਾਈ, ਬੈਹਮ, ਛੀਛਾ, ਤਾਯਾ, ਗਯਾਨੀ, ਵਾਡੀ।

4. ਹੇਠ ਲਿਖੇ ਪੈਰ੍ਹੇ ਵਿਚ ਵਿਸ਼ਰਾਮ ਚਿੰਨ੍ਹ ਲਗਾ ਕੇ ਸ਼ੁੱਧ ਕਰਕੇ ਲਿਖੋ: 10

ਮੇਰੀ ਦੁਪਹਿਰ ਮਗਰੋਂ ਦੀ ਨੀਂਦ ਹਾਲੀ ਪੂਰੀ ਨਹੀਂ ਸੀ ਹੋਈ ਕਿ ਮੈਨੂੰ ਮੇਰੇ ਛੋਟੇ ਕਾਕੇ ਨੇ ਜਗਾ ਦਿੱਤਾ ਮੈਂ ਖਿਝਿਆ ਹੋਇਆਂ ਸਾਂ ਪਰ ਕਾਕੇ ਦੀ ਤੋਤਲੀ ਆਵਾਜ਼ ਨੇ ਮੈਨੂੰ ਸ਼ਾਂਤ ਕੀਤਾ ਦਾ ਜੀ ਕਿੰਨੀਆਂ ਵਾਜਾਂ ਮਾਰੀਆਂ ਜਾਗਦੇ ਹੀ ਨੀ ਤੁਸੀਂ। ਹਾਂ ਹਾਂ ਤੂੰ ਕੀ ਕਹਿਨੈਂ ਦਸ ਵੀ ਮੈਂ ਕੁਝ ਕਾਹਲੇ ਪੈ ਕੇ ਪੁੱਛਿਆ ਟਕਾ ਇੱਕ ਟਕਾ ਦਿਓ ਦਾਰ ਜੀ ਪਰ ਟਕਾ ਤਾਂ ਮੇਰੇ ਕੋਲ ਹੈ ਨਹੀਂ ਮੈਂ ਕਿਹਾ

5. ਹੇਠ ਲਿਖੀਆਂ ਵਿਚੋਂ ਕਿਸੇ **ਇਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ: 10

(ੳ) ਕੋਵਿਡ ਤੋਂ ਬਾਅਦ ਸਿੱਖਿਆ



(ਅ) ਵਿਦਿਆਰਥੀ ਅਤੇ ਲਾਇਬ੍ਰੇਰੀ

(ੲ) ਵਿਦਿਆਰਥੀ ਜੀਵਨ ਵਿਚ ਮੋਬਾਈਲ ਦੀ ਮਹੱਤਤਾ।

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ **ਤਿੰਨ-ਚਾਰ** ਸਤਰਾਂ ਵਿਚ ਦਿਓ: 15×2=30

(i) 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਸ਼ਬਦ ਕਿਸ ਸੰਸਥਾ ਨੇ ਆਪਣੀ ਧੁਨੀ ਵਜੋਂ ਵਰਤਿਆ ਹੈ?

(ii) ਆਸਾ ਮਹਲਾ ॥੧॥ ਤੋਂ ਕੀ ਭਾਵ ਹੈ?

(iii) ਸੂਫੀ ਕੌਣ ਹੁੰਦੇ ਹਨ?

(iv) 'ਰਮਜ਼ੇ' ਦਾ ਕੀ ਅਰਥ ਹੈ?

(v) ਹੀਰ ਰਾਂਝਾ ਲਿਖਣ ਵਾਲੇ ਕਿਸੇ ਦੋ ਕਿੱਸਾਕਾਰਾਂ ਦੇ ਨਾਮ ਲਿਖੋ।

(vi) ਵਾਰਿਸ਼ ਸ਼ਾਹ ਦੀ ਹੀਰ ਕਿਹੜੇ ਛੰਦ ਵਿਚ ਲਿਖੀ ਹੋਈ ਹੈ?

(vii) ਸ਼ਾਮ ਸਿੰਘ ਅਟਾਰੀ ਵਾਲਾ ਕੌਣ ਸੀ?

(viii) 'ਮੰਗਨਾਮਾ ਸਿੰਘਾਂ ਤੇ ਫਿਰੰਗੀਆਂ' ਕਿਸ ਦੀ ਰਚਨਾ ਹੈ?

(ix) ਵੈਰੀ ਨਾਗ ਕੀ ਹੈ ਅਤੇ ਕਿੱਥੇ ਹੈ?

(x) 'ਕਾਦਰ' ਤੋਂ ਕੀ ਭਾਵ ਹੈ?

(xi) 'ਮੇਲੇ ਵਿਚ ਜੱਟ' ਕਿਸ ਦੀ ਕਵਿਤਾ ਹੈ?

(xii) ਸੁੰਮਾਂ ਵਾਲੀ ਡਾਂਗ ਕਿਹੋ ਜਿਹੀ ਹੁੰਦੀ ਹੈ?

(xiii) ਜਟ ਲੋਕਾਂ ਨੂੰ ਕੀ ਕੁਝ ਦਿੰਦੇ ਹਨ?

(xiv) ਪ੍ਰੋ. ਪੂਰਨ ਸਿੰਘ ਦੀਆਂ ਕੋਈ ਦੋ ਪੁਸਤਕਾਂ ਦੇ ਨਾਮ ਲਿਖੋ।

(xv) ਪ੍ਰੋ. ਮੋਹਨ ਸਿੰਘ ਕਿਸ ਕਾਵਿਧਾਰਾ ਦਾ ਕਵੀ ਹੈ?